ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ
ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com





ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ



Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS


# ਲਹਿੰਦੇ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਪੰਜਾਬੀ ਪੜ੍ਹਾਏ ਜਾਣ ਦੀ ਖ਼ੁਸ਼ੀ ਵਿੱਚ ਕੈਨੇਡਾ 'ਚ ਲੱਡੂ ਅਤੇ ਮਠਿਆਈ ਵੰਡ ਕੇ ਪਾਏ ਗਏ ਭੰਗੜੇ
















ਬਰੈਂਪਟਨ 9 ਨਵੰਬਰ (ਵਿਸ਼ਵ ਪੰਜਾਬੀ ਸਾਂਝ, ਕੈਨੇਡਾ) ਲਹਿੰਦੇ ਪੰਜਾਬ ਦੇ ਪ੍ਰਾਇਮਰੀ ਸਕੂਲਾਂ ਵਿੱਚ ਪੰਜਾਬੀ ਲਾਗੂ ਕਰਵਾਉਣ ਤੇ ਪਾਕਿਸਤਾਨ ਦੇ ਮੁੱਖ ਮੰਤਰੀ ਮਰੀਅਮ ਨਿਵਾਜ ਸ਼ਰੀਫ ਅਤੇ ਐਮ.ਪੀ.ਏ ਚੌਧਰੀ ਅਮਜਦ ਅਲੀ ਜਾਵੇਦ ਦਾ ਧੰਨਵਾਦ ਕਰਨ ਲਈ ਵਿਸ਼ਵ ਪੰਜਾਬੀ ਭਵਨ ਵਿਖੇ 'ਜਸ਼ਨ ਦੀ ਸ਼ਾਮ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।

ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਹੇਠ ਕਰਵਾਏ ਗਏ

ਜਸ਼ਨ ਦੇ ਪ੍ਰੋਗਰਾਮ ਵਿੱਚ ਵੱਖ-ਵੱਖ ਸ਼ਖਸ਼ੀਅਤਾਂ ਨੇ ਸ਼ਾਮਿਲ ਹੋ ਕੇ ਡਾਕਟਰ ਦਲਬੀਰ ਸਿੰਘ ਕਥੂਰੀਆ ਦੇ ਯਤਨਾਂ ਸਦਕਾ ਪਾਕਿਸਤਾਨ ਵਿੱਚ ਲਾਗੂ ਹੋਏ ਇਸ ਅਹਿਮ ਫੈਸਲੇ ਦੀ ਭਰਪੂਰ ਸਲਾਂਘਾ ਕੀਤੀ। ਉਹਨਾਂ ਕਿਹਾ ਕਿ ਜਿਸ ਅਹਿਮ ਫੈਸਲੇ ਨੂੰ ਲਾਗੂ ਕਰਨ ਲਈ ਲੰਬੇ ਅਰਸੇ ਤੋਂ ਸੋਚਿਆ ਵੀ ਨਹੀਂ ਜਾ ਸਕਿਆ ਸੀ ਉਸ ਨੂੰ ਡਾਕਟਰ ਕਥੂਰੀਆ ਦੇ ਯਤਨਾਂ ਸਦਕਾ ਲਾਗੂ ਕਰ ਦਿੱਤਾ ਗਿਆ। ਉਹਨਾਂ ਨੇ ਪੰਜਾਬੀ ਮਾਂ ਬੋਲੀ ਦੀ ਸੇਵਾ ਅਤੇ ਪ੍ਰਸਾਰ ਤੇ ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ ਦੇ ਲਈ ਡਾਕਟਰ ਕਥੂਰੀਆ ਦਾ ਧੰਨਵਾਦ ਵੀ ਕੀਤਾ। ਜਦਕਿ ਇਸ ਦੌਰਾਨ ਮੌਜੂਦ ਸ਼ਖਸੀਅਤਾਂ ਵੱਲੋਂ ਮਠਿਆਈ ਅਤੇ ਲੱਡੂ ਵੰਡ ਕੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਗਿਆ, ਉਥੇ ਹੀ ਭੰਗੜੇ ਪਾ ਕੇ ਜਸ਼ਨ ਵੀ ਮਨਾਇਆ ਗਿਆ। ਅੰਤ ਵਿੱਚ ਡਾਕਟਰ ਕਥੂਰੀਆ ਵੱਲੋਂ ਪਾਕਿਸਤਾਨ ਦੇ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਮਰੀਅਮ ਨਿਵਾਜ ਸ਼ਰੀਫ ਅਤੇ ਐਮ.ਪੀ.ਏ ਚੌਧਰੀ ਅਮਜਦ ਅਲੀ ਜਾਵੇਦ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਦੀ ਬਦੌਲਤ ਪਾਕਿਸਤਾਨ ਦੇ ਲਹਿੰਦੇ ਪੰਜਾਬ ਵਿੱਚ ਇੱਕ ਇਤਿਹਾਸਿਕ ਫੈਸਲਾ ਲਾਗੂ ਹੋ ਸਕਿਆ, ਇਸ ਫੈਸਲੇ ਦੇ ਲਾਗੂ ਹੋਣ ਨਾਲ ਪੰਜਾਬੀਆਂ ਦਾ ਕੱਦ ਪਹਿਲਾਂ ਨਾਲੋਂ ਹੋਰ ਜ਼ਿਆਦਾ ਵੱਧ ਗਿਆ। ਇਸ ਅਫਸਰ ਤੇ ਸਰਦਾਰ ਇੰਦਰਜੀਤ ਸਿੰਘ ਬੱਲ, ਡਾਕਟਰ ਬਲਵਿੰਦਰ ਸਿੰਘ ਧਾਲੀਵਾਲ, ਡਾਕਟਰ ਜੋਗਾ ਸਿੰਘ, ਪ੍ਰੋਫੈਸਰ ਜਗਜੀਤ ਸਿੰਘ ਕਾਹਲੋਂ, ਸ੍ਰੀ ਦਰਸ਼ਨ ਦੀਪ ਅਰੋੜਾ, ਸਰਦਾਰ ਪ੍ਰਿਤਪਾਲ ਸਿੰਘ ਚੱਗੜ, ਡਾਕਟਰ ਸੋਹਣ ਸਿੰਘ ਪਰਮਾਰ, ਡਾਕਟਰ ਦਵਿੰਦਰ ਸਿੰਘ ਲੱਧੜ, ਸਰਦਾਰ ਹਰਜੀ ਬਾਜਵਾ, ਮੇਜਰ ਨਾਗਰਾ, ਸਰਦਾਰ ਜਗਜੀਤ ਸਿੰਘ ਅਰੋੜਾ, ਬੇਅੰਤ ਸਿੰਘ ਧਾਲੀਵਾਲ, ਸਰਦਾਰ ਰਜਿੰਦਰ ਸਿੰਘ ਸੈਣੀ, ਸਰਦਾਰ ਇਕਬਾਲ ਮਾਨ, ਸਰਦਾਰ ਗਿਆਨ ਸਿੰਘ ਕੰਗ, ਸਰਦਾਰ ਹਰਦਿਆਲ ਸਿੰਘ ਝੀਤਾ, ਮਕਸੂਦ ਚੌਧਰੀ, ਸਰਦਾਰ ਪੂਰਨ ਸਿੰਘ ਪਾਂਧੀ, ਸਰਦਾਰ ਕਿਰਪਾਲ ਸਿੰਘ ਪੰਨੂ, ਪ੍ਰਿੰਸੀਪਲ ਸਵਰਨ ਸਿੰਘ, ਸਰਦਾਰ ਦਪਿੰਦਰ ਸਿੰਘ ਲੂੰਬਾ, ਸਰਦਾਰ ਦਲਜੀਤ ਸਿੰਘ ਗੈਦੂ, ਕੰਵਲ ਬਰਾੜ, ਸਰਦਾਰ ਦਲਜੀਤ ਸਿੰਘ, ਗੁਰਮੀਤ ਸਿੰਘ ਕਥੂਰੀਆ, ਜਸਪਾਲ ਸਿੰਘ ਕਾਹਲੋਂ, ਮਿਸਿਜ ਰਮਿੰਦਰ ਵਾਲੀਆ ਤੇ ਸ਼ੋਇਬ ਨਾਸਰ ਆਦਿ ਸ਼ਖਸ਼ੀਅਤਾਂ ਵੀ ਮੌਜੂਦ ਸਨ







## ਪਾਕਿਸਤਾਨ ਦੇ ਮੁੱਖ ਮੰਤਰੀ ਮਰੀਅਮ ਨਿਵਾਜ ਸ਼ਰੀਫ ਐਮ.ਪੀ.ਏ. ਚੌਧਰੀ ਅਮਜਦ ਅਲੀ ਜਾਵੇਦ ਦਾ ਕੀਤਾ ਗਿਆ ਧੰਨਵਾਦ



### ਪਾਕਿਸਤਾਨ ਯਾਤਰਾ ਦੌਰਾਨ ਡਾਕਟਰ ਕਥੂਰੀਆ ਵੱਲੋਂ ਚੁੱਕਿਆ ਗਿਆ ਸੀ ਅਹਿਮ ਮੁੱਦਾ

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੀ ਯਾਤਰਾ ਦੌਰਾਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਿਵਾਜ ਸ਼ਰੀਫ ਦੇ ਧਿਆਨ ਵਿੱਚ ਲਿਆਂਦਾ ਸੀ ਕਿ ਪਾਕਿਸਤਾਨ ਦੇ ਵਿੱਚ 16 ਕਰੋੜ ਲੋਕ ਪੰਜਾਬੀ ਬੋਲਦੇ ਹਨ ਪਰ ਸਰਕਾਰੀ ਸਕੂਲਾਂ ਵਿੱਚ ਉਰਦੂ ਭਾਸ਼ਾ ਲਾਗੂ ਹੈ। ਜਦਕਿ ਪੰਜਾਬੀ ਭਾਸ਼ਾ ਵੀ ਸਰਕਾਰੀ ਸਕੂਲਾਂ ਵਿੱਚ ਲਾਗੂ ਕਰਵਾਈ ਜਾਣੀ ਚਾਹੀਦੀ ਹੈ।



# ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਲਹਿੰਦੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਿਵਾਜ਼ ਨੂੰ ਦਿੱਤੇ ਮੰਗ ਪੱਤਰ ਕੀ ਪਾਕਿਸਤਾਨ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਲਾਗੂ ਕੀਤੀ ਜਾਵੇ ਦੇ ਫ਼ੈਸਲੇ ਨੂੰ ਲਾਗੂ ਕਰਵਾਉਣ ਅਤੇ ਇਸ ਸਬੰਧ ਵਿੱਚ ਖੁਸ਼ੀ ਦੇ ਪ੍ਰਗਟਾਵੇ ਲਈ ਸਮਾਗਮ ਮੌਕੇ ਇਕੱਤਰ ਹੋਈਆਂ ਵੱਖ ਵੱਖ ਸ਼ਖਸ਼ੀਅਤਾਂ










































## ਚੀਫ਼ ਜਸਟਿਸ ਚੰਦਰਚੂੜ ਦੇ ਆਖਰੀ ਕਾਰਜਕਾਰੀ ਦਿਨ,ਵਿਦਾਇਗੀ ਭਾਸ਼ਣ ਵਿੱਚ ਸੁਣਾਏ ਅਨੁਭਵ

# ਮੈਂ ਸ਼ਾਇਦ ਸਭ ਤੋਂ ਵੱਧ ਟਰੋਲ ਹੋਣ ਵਾਲਾ ਜੱਜ ਹਾਂ, ਪਰ ਮੇਰੇ ਮੋਢੇ ਇੰਨੇ ਮਜ਼ਬੂਤ ਹਨ ਕਿ ਮੈਂ ਹਰ ਆਲੋਚਨਾ ਦਾ ਸਾਹਮਣਾ ਕਰ ਸਕਦਾ ਹਾਂ: ਚੀਫ਼ ਜਸਟਿਸ

ਨਵੀਂ ਦਿੱਲੀ 9 ਨਵੰਬਰ (ਜਸਵਿੰਦਰ ਸਿੰਘ ਬਿੱਟਾ)- ਸ਼ੁੱਕਰਵਾਰ ਨੂੰ ਚੀਫ਼ ਜਸਟਿਸ ਡੀਵਾਈ ਚੰਦਰਚੂੜ ਦਾ ਸੁਪਰੀਮ ਕੋਰਟ ਵਿੱਚ ਆਖਰੀ ਕੰਮਕਾਜੀ ਦਿਨ ਸੀ, ਉਹ 10 ਨਵੰਬਰ ਨੂੰ ਸੇਵਾਮੁਕਤ ਹੋ ਰਹੇ ਹਨ। ਜਸਟਿਸ ਸੰਜੀਵ ਖੰਨਾ 11 ਨਵੰਬਰ ਨੂੰ 51ਵੇਂ ਚੀਫ਼ ਜਸਟਿਸ ਵਜੋਂ ਸਹੁੰ ਚੁੱਕਣਗੇ। ਰਸਮੀ ਬੈਂਚ 'ਤੇ ਬੈਠੇ ਜਸਟਿਸ ਖੰਨਾ ਨੇ ਚੀਫ਼ ਜਸਟਿਸ ਵੱਲ ਇਸ਼ਾਰਾ ਕਰਦੇ ਹੋਏ ਕਿਹਾ -ਇਹਨਾਂ ਨੇ ਮੇਰਾ ਕੰਮ ਆਸਾਨ ਅਤੇ ਮੁਸ਼ਕਲ ਦੋਵੇਂ ਤਰ੍ਹਾਂ ਨਾਲ ਕਰ ਦਿੱਤਾ। ਆਸਾਨ ਇਸ ਲਈ ਕਿਉਂਕਿ



ਇਹਨਾਂ ਬਹੁਤ ਸਾਰੀਆਂ ਕ੍ਰਾਂਤੀਆਂ ਲਿਆਂਦੀਆਂ, ਅਤੇ ਮੁਸ਼ਕਲ ਇਸ ਲਈ ਕਿਉਂਕਿ ਮੈਂ ਉਹਨਾਂ ਦੀ ਬਰਾਬਰੀ ਨਹੀਂ ਕਰ ਸਕਦਾ। ਵਿਦੇਸ਼ਾਂ 'ਚ ਵੀ ਇਹਨਾਂ ਦੇ ਯੰਗ ਲੁੱਕ ਦੀ ਚਰਚਾ ਹੁੰਦੀ ਹੈ। ਚੀਫ਼ ਜਸਟਿਸ ਨੇ ਪਹਿਲਾਂ ਆਪਣੀ ਅਦਾਲਤ ਅਤੇ ਬਾਅਦ ਵਿੱਚ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਪ੍ਰੋਗਰਾਮ ਵਿੱਚ ਵਿਦਾਇਗੀ ਭਾਸ਼ਣ ਵਿੱਚ ਆਪਣੇ ਅਨੁਭਵ ਸਾਂਝੇ ਕੀਤੇ। ਉਹਨਾਂ ਕਿਹਾ ਕਿ ਉਮੀਦ ਹੈ ਕਿ ਤੁਸੀਂ ਜਾਣਦੇ ਹੋ ਕਿ ਮੈਂ ਕਿੰਨੀ ਵਾਰ ਟਰੋਲ ਹੋਇਆ। ਮੈਂ ਸ਼ਾਇਦ ਸਭ ਤੋਂ ਵੱਧ ਟਰੋਲ ਹੋਣ ਵਾਲਾ ਜੱਜ ਹਾਂ। ਪਰ ਮੈਂ ਇਹੀ ਕਹਾਂਗਾ- 'ਖਿਲਾਫਤ ਸੇ ਮੇਰੀ ਸ਼ਖ਼ਸੀਅਤ ਸੁਧਰਦੀ ਹੈ, ਮੈਂ ਦੁਸ਼ਮਣਾਂ ਦਾ ਬਹੁਤ ਅਹਤਿਰਾਮ ਕਰਤਾ ਹੂੰ। ਮਜ਼ਾਕ ਵਿੱਚ ਹੀ...ਮੈਂ ਸੋਚ ਰਿਹਾ - ਸੋਮਵਾਰ ਤੋਂ ਮੈਨੂੰ ਟਰੋਲ ਕਰਨ ਵਾਲੇ ਲੋਕ ਬੇਰੁਜ਼ਗਾਰ ਹੋ ਜਾਣਗੇ। ਮੈਨੂੰ ਪਤਾ ਹੈ ਕਿ ਮੈਂ ਆਪਣੀ ਨਿੱਜੀ ਜ਼ਿੰਦਗੀ ਨੂੰ ਕਈ ਤਰੀਕਿਆਂ ਨਾਲ ਜਨਤਕ ਕੀਤਾ ਹੈ। ਜਦੋਂ ਤੁਸੀਂ ਅਜਿਹਾ ਕਰਦੇ ਹੋ, ਤਾਂ ਤੁਸੀਂ ਆਪਣੇ ਆਪ ਨੂੰ ਆਲੋਚਨਾ ਦੇ ਲਈ ਤਿਆਰ ਕਰਦੇ ਹੋ। ਖਾਸ ਕਰਕੇ ਅੱਜ ਦੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ।

**ਹਾਲਾਂਕਿ ਮੇਰੇ ਮੋਢੇ ਇੰਨੇ ਮਜ਼ਬੂਤ ਹਨ ਕਿ ਸਾਰੀ ਆਲੋਚਨਾ ਸਹਿ ਸਕਦੇ ਹਨ**

ਚੀਫ਼ ਜਸਟਿਸ ਨੇ ਆਪਣੇ ਪਿਤਾ ਅਤੇ ਦੇਸ਼ ਦੇ ਸਾਬਕਾ ਪ੍ਰਧਾਨ ਚੀਫ਼ ਜਸਟਿਸ ਵਾਈ.ਵੀ ਚੰਦਰਚੂੜ ਨਾਲ ਸਬੰਧਿਤ ਇੱਕ ਕਿੱਸਾ ਸੁਣਾਉਂਦੇ ਹੋਏ ਕਿਹਾ, ਉਹਨਾਂ ਨੇ ਪੁਣੇ ਵਿੱਚ ਇੱਕ ਛੋਟਾ ਫਲੈਟ ਖਰੀਦਿਆ। ਮੈਂ ਕਿਹਾ- ਆਪਾਂ ਉਥੇ ਕਦੋਂ ਰਹਾਂਗੇ। ਉਦੋਂ ਉਹਨਾਂ ਕਿਹਾ ਸੀ ਕਿ ਉਹ ਉਥੇ ਕਦੇਂ ਨਹੀਂ ਰਹਿਣਗੇ, ਪਰ ਜੱਜ ਦੇ ਤੌਰ 'ਤੇ ਆਪਣੇ ਕਾਰਜਕਾਲ ਦੇ ਆਖਰੀ ਦਿਨ ਤੁਮ ਉਸ ਫਲੈਟ ਨੂੰ ਰੱਖਣਾ। ਤਾਂ ਕਿ ਤੁਹਾਨੂੰ ਪਤਾ ਲੱਗੇ ਕਿ ਜੇਕਰ ਨੈਤਿਕਤਾ 'ਤੇ ਕੋਈ ਅਸਰ ਪੈਂਦਾ ਹੈ ਤਾਂ ਸਿਰ ਛੁਪਾਉਣ ਦੀ ਜਗਹਾ ਹੋਵੇਗੀ।

## 'ਪੀਐਮ ਵਿਦਿਆ ਲਕਸ਼ਮੀ' ਤਹਿਤ 10 ਲੱਖ ਤੋਂ ਵੱਧ ਦਾ ਕਰਜ਼ਾ ਲਿਆ ਜਾ ਸਕਦਾ ਹੈ ?



ਨਵੀਂ ਦਿੱਲੀ, 9 ਨਵੰਬਰ (ਜਸਵਿੰਦਰ ਸਿੰਘ ਬਿੱਟਾ)-ਨਵੀਂ ਕੇਂਦਰੀ ਯੋਜਨਾ 'ਪੀਐਮ ਵਿਦਿਆ ਲਕਸ਼ਮੀ' ਵਿੱਚ ਸਿੱਖਿਆ ਕਰਜ਼ੇ ਦੀ ਕੋਈ ਉਪਰਲੀ ਸੀਮਾ ਨਹੀਂ ਹੈ। ਜਿੱਥੋਂ ਤੱਕ ਕਰਜ਼ੇ 'ਤੇ ਅਦਾ ਕੀਤੇ ਵਿਆਜ਼ 'ਤੇ ਛੋਟ ਦਾ ਸਬੰਧ ਹੈ, ਇਸ ਲਈ 10 ਲੱਖ ਰੁਪਏ ਦੀ ਉਪਰਲੀ ਸੀਮਾ ਨਿਰਧਾਰਤ ਕੀਤੀ ਗਈ ਹੈ। ਇੱਕ ਲੱਖ ਹੋਣਹਾਰ ਵਿਦਿਆਰਥੀਆਂ ਨੂੰ ਵਿਆਜ਼ ਵਿੱਚ ਛੋਟ ਦਾ ਲਾਭ ਮਿਲੇਗਾ। ਪ੍ਰਧਾਨ ਮੰਤਰੀ ਵਿਦਿਆ ਲਕਸ਼ਮੀ ਯੋਜਨਾ ਲਈ ਅਰਜ਼ੀ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ ਅਤੇ ਪੋਰਟਲ ਨੂੰ ਵੀ ਜਨਵਰੀ ਤੱਕ ਨਵੇਂ ਬਦਲਾਅ ਨਾਲ ਲਾਂਚ ਕੀਤਾ ਜਾਵੇਗਾ। ਵਿਦਿਆਰਥੀਆਂ ਵੱਲੋਂ ਦਰਖਾਸਤਾਂ ਦੀ ਗਿਣਤੀ ਦੇ ਆਧਾਰ 'ਤੇ ਇਹ ਤੈਅ ਕੀਤਾ ਜਾਵੇਗਾ ਕਿ ਕਿਹੜੇ ਇੱਕ ਲੱਖ ਵਿਦਿਆਰਥੀਆਂ ਨੂੰ ਵਿਆਜ਼ ਵਿੱਚ ਰਿਆਇਤ ਮਿਲੇਗੀ।

### 10 ਲੱਖ ਤੋਂ ਜਿਆਦਾ ਵੀ ਮਿਲ ਸਕਦਾ ਹੈ ਲੋਨ ?

ਸਿੱਖਿਆ ਮੰਤਰਾਲੇ ਦੇ ਉੱਚ ਸਿੱਖਿਆ ਵਿਭਾਗ ਵਿੱਚ ਸੰਯੁਕਤ ਸਕੱਤਰ ਪੂਰਨੰਦੂ ਕਿਸ਼ੋਰ ਵੈਨਰਜੀ ਨੇ ਕਿਹਾ ਕਿ ਰਾਸ਼ਟਰੀ ਸਿੱਖਿਆ ਨੀਤੀ ਦੀਆਂ ਸਿਫ਼ਾਰਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਬਿਨਾਂ ਗਾਰੰਟਰ ਦੇ ਸਿੱਖਿਆ ਕਰਜ਼ਾ ਮਿਲੇਗਾ। ਵਿਦਿਆਰਥੀ ਨੂੰ ਕੁਝ ਵੀ ਗਿਰਵੀ ਰੱਖਣ ਦੀ ਲੋੜ ਨਹੀਂ ਹੋਵੇਗੀ, ਭਾਵੇਂ ਲੋਨ ਕਿੰਨਾ ਵੀ ਵੱਡਾ ਹੋਵੇ ।NIRF ਦਰਜ਼ਾਬੰਦੀ ਦੇ ਆਧਾਰ 'ਤੇ 860 ਉੱਚ ਸਿੱਖਿਆ ਸੰਸਥਾਵਾਂ ਦੀ ਚੋਣ ਕੀਤੀ ਗਈ ਹੈ। ਉੱਚ ਸਿੱਖਿਆ ਵਿਭਾਗ, ਵਿੱਤੀ ਸੇਵਾਵਾਂ ਵਿਭਾਗ ਨੇ ਇੰਡੀਅਨ ਬੈਂਕ ਐਸੋਸੀਏਸ਼ਨ ਰਾਹੀਂ ਸਾਰੇ ਬੈਂਕਾਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਹੈ ।

### ਇਹ ਕਿਵੇਂ ਤੈਅ ਹੋਵੇਗਾ ਕੀ ਮਿਲੇਗਾ ਐਜੂਕੇਸ਼ਨ ਲੋਨ ?

ਸਿੱਖਿਆ ਕਰਜ਼ੇ ਦੀ ਉਪਰਲੀ ਲਿਮਿਟ ਕੋਰਸ ਦੀ ਫੀਸ, ਹੋਸਟਲ ਫੀਸ, ਲੈਪਟਾਪ 'ਤੇ ਹੋਣ ਵਾਲੇ ਖਰਚੇ, ਖਾਣੇ 'ਤੇ ਆਉਣ ਵਾਲੇ ਖ਼ਰਚੇ ਅਤੇ ਹੋਰ ਖ਼ਰਚਿਆਂ 'ਤੇ ਵਿਚਾਰ ਕਰਨ ਤੋਂ ਬਾਅਦ ਤੈਅ ਹੁੰਦੀ ਹੈ। ਵੱਖ-ਵੱਖ ਕਾਲਜਾਂ ਮੁਤਾਬਕ ਇਹ 10 ਲੱਖ ਤੋਂ ਵੱਧ ਹੋ ਸਕਦੀ ਹੈ।

### ਵਿਆਜ਼ ਵਿੱਚ ਰਿਆਇਤ ਦੇ ਲਈ ਕਿਵੇਂ ਹੋਵੇਗੀ ਚੋਣ ?

8 ਲੱਖ ਤੋਂ ਘੱਟ ਸਾਲਾਨਾ ਆਮਦਨ ਵਾਲੇ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ 10 ਲੱਖ ਰੁਪਏ ਤੱਕ ਦੇ ਕਰਜ਼ੇ ਦੀ ਰਕਮ 'ਤੇ 3 ਫੀਸਦੀ ਵਿਆਜ ਕੇਂਦਰ ਸਰਕਾਰ ਦੇਵੇਗੀ। ਜੇਕਰ ਵਿਆਜ਼ ਵਿੱਚ ਰਿਆਇਤ ਲਈ ਅਰਜ਼ੀਆਂ ਇੱਕ ਲੱਖ ਤੋਂ ਵੱਧ ਹਨ, ਤਾਂ ਅੰਤਰ-ਰਾਜੀ ਵੰਡ ਦੇ ਅਨੁਸਾਰ ਰਾਜ ਅਨੁਸਾਰ ਸਲਾਟ ਅਲਾਟ ਕੀਤੇ ਜਾਣਗੇ।

### ਹਰ ਸਾਲ 22 ਲੱਖ ਵਿਦਿਆਰਥੀ ਯੋਗ ਹੋਣਗੇ

ਆਲ ਇੰਡੀਆ ਸਰਵੇ ਆਫ ਹਾਇਰ ਐਜੂਕੇਸ਼ਨ 2022 ਦੇ ਅਨੁਸਾਰ, ਹਰ ਸਾਲ 22 ਲੱਖ ਵਿਦਿਆਰਥੀ 860 ਸੰਸਥਾਵਾਂ ਵਿੱਚ ਦਾਖਲਾ ਲੈਂਦੇ ਹਨ। ਇਹ ਸਾਰੇ ਵਿਦਿਆਰਥੀ ਕਰਜ਼ੇ ਲਈ ਯੋਗ ਹੋਣਗੇ ਅਤੇ ਅਪਲਾਈ ਕਰਨ ਦੇ ਯੋਗ ਹੋਣਗੇ। ਦੇਸ਼ ਵਿੱਚ ਕੁੱਲ 20 ਆਈਆਈਐਮ ਹਨ, ਜਿਨ੍ਹਾਂ ਦੀ ਫੀਸ 16 ਤੋਂ 25 ਲੱਖ ਰੁਪਏ ਤੱਕ ਹੈ। ਆਈ.ਆਈ.ਟੀ ਫੀਸ ਵੀ ਲੱਖਾਂ ਵਿੱਚ ਹੈ। ਅਜਿਹੀ ਸਥਿਤੀ ਵਿੱਚ ਵਿਦਿਆਰਥੀ ਫੀਸ ਦੇ ਹਿਸਾਬ ਨਾਲ ਲੋਨ ਲਈ ਅਪਲਾਈ ਕਰ ਸਕੇਗਾ।

## ਤਾਂ 2024 ਦੇ ਨਾਮ ਹੋਵੇਗਾ ਦੁਨੀਆ ਵਿੱਚ ਸਭ ਤੋਂ ਗਰਮ ਸਾਲ ਦਾ ਰਿਕਾਰਡ

ਮੰਨਿਆ ਜਾ ਰਿਹਾ ਹੈ ਕਿ 2024 ਹੁਣ ਤੱਕ ਦਾ ਸਭ ਤੋਂ ਗਰਮ ਸਾਲ ਹੋਣ ਵਾਲਾ ਹੈ। ਵਿਗਿਆਨੀਆਂ ਨੇ ਇਸ ਨੂੰ ਦੁਨੀਆ ਲਈ ਖ਼ਤਰੇ ਦੀ ਘੰਟੀ ਦੱਸਿਆ ਹੈ। ਵਰਤਮਾਨ ਵਿੱਚ, 2023 ਸਭ ਤੋਂ ਗਰਮ ਸਾਲ ਦਾ ਰਿਕਾਰਡ ਰੱਖਦਾ ਹੈ, ਪਰ ਲਗਾਤਾਰ ਦੂਜੇ ਸਾਲ ਧਰਤੀ ਦੇ ਤਾਪਮਾਨ ਵਿੱਚ ਕਾਫ਼ੀ ਵਾਧਾ ਹੋਇਆ ਹੈ। ਯੂਰਪੀ ਜਲਵਾਯੂ ਏਜੰਸੀ ਕੋਪਰਨਿਕਸ ਨੇ ਵੀਰਵਾਰ ਨੂੰ ਕਿਹਾ ਕਿ ਧਰਤੀ ਦਾ ਤਾਪਮਾਨ ਔਸਤ ਤੋਂ 1.5 ਡਿਗਰੀ ਸੈਲਸੀਅਸ ਵੱਧ ਦਰਜ਼ ਕੀਤਾ ਗਿਆ ਹੈ। ਤੁਹਾਨੂੰ ਦੱਸ ਦੇਈਏ ਕਿ 2015 ਦੇ ਪੈਰਿਸ ਸਮਝੌਤੇ 'ਚ ਗਲੋਬਲ ਤਾਪਮਾਨ 'ਚ ਵਾਧੇ ਨੂੰ 1.5 ਡਿਗਰੀ ਸੈਲਸੀਅਸ ਤੱਕ ਰੱਖਣ ਦੀ ਕੋਸ਼ਿਸ਼ ਕਰਨ ਲਈ ਕਿਹਾ ਗਿਆ ਸੀ। ਕੋਪਰਨਿਕਸ ਦੇ ਡਾਇਰੈਕਟਰ ਕਾਰਲੋ ਵੂਨਟੇਂਪੋ ਨੇ ਕਿਹਾ, ਗਲੋਬਲ ਵਾਰਮਿੰਗ ਦੀ ਇਹ ਸਥਿਤੀ ਕੁਦਰਤ ਲਈ ਚਿੰਤਾਜਨਕ ਹੈ। ਗ੍ਰੀਨਹਾਊਸ ਗੈਸਾਂ ਦੇ ਵਧਦੇ ਨਿਕਾਸ ਕਾਰਨ ਰਿਕਾਰਡ ਤੋੜ ਤਾਪਮਾਨ ਦਾ ਇੰਨਾ ਲੰਬਾ ਸਿਲਸਿਲਾ ਧਰਤੀ 'ਤੇ ਕਦੇ ਨਹੀਂ ਦੇਖਿਆ ਗਿਆ। ਉਨ੍ਹਾਂ ਨੇ ਪਿਛਲੇ ਸਾਲ ਅਤੇ ਇਸ ਸਾਲ ਮੌਸਮ ਵਿੱਚ ਆਈ ਇਸ ਤਬਦੀਲੀ ਦੇ ਕਈ ਹੋਰ ਕਾਰਨ ਵੀ ਦੱਸੇ। ਇਨ੍ਹਾਂ ਵਿੱਚ ਪ੍ਰਸ਼ਾਂਤ ਮਹਾਸਾਗਰ ਦੇ ਕੁਝ ਹਿੱਸਿਆਂ ਵਿੱਚ ਅਸਥਾਈ ਐਲ ਨੀਨੋ ਦਾ ਪ੍ਰਭਾਵ ਵੀ ਸ਼ਾਮਲ ਹੈ। ਇਸ ਦੇ ਨਾਲ ਹੀ ਜਵਾਲਾਮੁਖੀ ਦਾ ਫਟਣਾ ਵੀ ਤਾਪਮਾਨ ਵਧਣ ਦਾ ਕਾਰਨ ਰਿਹਾ ਹੈ।



### 'ਹਰ ਕਿਸੇ ਨੂੰ ਨਿਭਾਉਂਣੀ ਹੋਵੇਗੀ ਭੂਮਿਕਾ'

ਅਮਰੀਕਾ ਦੇ ਜਲਵਾਯੂ ਵਿਗਿਆਨੀ ਬੇਥ ਹਾਲ ਨੇ ਕਿਹਾ ਕਿ ਉਹ ਕੋਪਰਨਿਕਸ ਦੀ ਨਵੀਂ ਰਿਪੋਰਟ ਤੋਂ ਹੈਰਾਨ ਨਹੀਂ ਹਨ, ਪਰ ਉਸਨੇ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਮੌਸਮ ਵਿੱਚ ਤਬਦੀਲੀਆਂ ਦੇ ਨਾਲ ਉਨ੍ਹਾਂ ਦਾ ਸਥਾਨਕ ਮਾਹੌਲ ਬਦਲ ਰਿਹਾ ਹੈ। ਤਜ਼ਰਬਿਆਂ ਤੋਂ ਪਰੇ ਇੱਕ ਵਿਸ਼ਵਵਿਆਪੀ ਮੁੱਦਾ ਹੈ। ਅਸੀਂ ਆਪਣੀ ਨਿੱਜੀ ਦੁਨੀਆ ਤੱਕ ਹੀ ਸੀਮਤ ਰਹਿੰਦੇ ਹਾਂ ਜਦੋਂ ਕਿ ਅਜਿਹੀਆਂ ਰਿਪੋਰਟਾਂ ਕਈ ਥਾਵਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਸਾਨੂੰ ਵਿਸ਼ਵਵਿਆਪੀ ਤਬਦੀਲੀਆਂ ਵਿੱਚ ਆਪਣੀ ਭੂਮਿਕਾ ਨਿਰਧਾਰਤ ਕਰਨੀ ਚਾਹੀਦੀ ਹੈ।












**ਇਹਨਾਂ ਦਿਨਾਂ ਵਿੱਚ ਪੋਡਕਾਸਟ ਖੂਬ ਧੂਮ ਮਚਾ ਰਹੇ ਹਨ। ਕੁੱਝ ਲੋਕ ਆਪਣੇ ਪੋਡਕਾਸਟ ਚੈਨਲ ਬਣਾਕੇ ਸੈਲੀਬ੍ਰਿਟੀ ਬਣ ਗਏ ਹਨ ਤਾਂ ਬਹੁਤ ਸਾਰੇ ਸੈਲੀਬ੍ਰਿਟੀ ਹੀ ਆਪ ਇਸ ਵੱਲ ਰੁਖ਼ ਕਰ ਰਹੇ ਹਨ। ਐਨਾ ਹੀ ਨਹੀਂ, ਕਈ ਸਟਾਰਟਅਪ ਦੇ ਫਾਉਂਡਰ ਵੀ ਪੋਡਕਾਸਟ ਹੋਸਟ ਬਣ ਚੁੱਕੇ ਹਨ। ਇਸ ਨਾਲ ਉਹਨਾਂ ਨੂੰ ਦੋ ਫਾਇਦੇ ਮਿਲਦੇ ਹਨ। ਪਹਿਲਾ, ਪੋਡਕਾਸਟ ਦੀ ਵਜਹਾਂ ਨਾਲ ਪਰਸਨਲ ਬ੍ਰੈਡਿੰਗ ਮਜ਼ਬੂਤ ਹੋ ਜਾਂਦੀ ਹੈ। ਦੂਸਰਾ, ਉਹਨਾਂ ਦੀ ਕੰਪਨੀ ਅਤੇ ਪੋਡਕਾਸਟ ਵਿੱਚ ਆਉਣ ਵਾਲੇ ਮਹਿਮਾਨਾਂ ਦਾ ਵਿਗਿਆਪਨ ਵੀ ਹੋ ਜਾਂਦਾ ਹੈ। ਇਸ ਬਾਰੇ ਵਿੱਚ ਖਾਸ ਜਾਣਕਾਰੀ ਦੇ ਰਹੀ ਹੈ ਤੁਹਾਡੇ ਨਾਲ ਸਾਂਝੀ ਕਰ ਰਹੇ ਹਾਂ।**




ਫਨੀ ਚੰਦੂ (27) ਮੁੰਬਈ ਵਿੱਚ ਉਤਪਾਦ ਮੈਨੇਜਰ ਦੇ ਅਹੁਦੇ 'ਤੇ ਕੰਮ ਕਰਦੇ ਹਨ। ਇਹਨੀਂ ਦਿਨੀਂ ਉਹਨਾਂ ਇੱਕ ਨਿਯਮ ਬਣਾਇਆ ਹੈ ਕਿ ਜਿਵੇਂ ਹੀ ÓWTF is with Nikhil KamatÓ ਪੋਡਕਾਸਟ ਦਾ ਨਵਾਂ ਐਪੀਸੋਡ ਆਉਂਣਾ ਹੈ, ਤਾਂ ਉਸ ਨੂੰ ਸੁਣਨਾ ਹੀ ਹੈ । ਇਸ ਦੀ ਮੇਜ਼ਬਾਨੀ ਜ਼ੀਰੋਧਾ ਕੰਪਨੀ ਦੇ ਸਹਿ-ਸੰਸਥਾਪਕ ਨਿਖਿਲ ਕਾਮਤ ਕਰਦੇ ਹਨ। ਚੰਦੂ ਦਾ ਕਹਿਣਾ, 'ਮੈਂ ਐਤਵਾਰ ਨੂੰ ਰਾਤ ਦੇ ਖਾਣੇ ਦੌਰਾਨ ਇਹ ਸੁਣਦਾ ਹਾਂ। ਇਹ ਮੈਨੂੰ ਅਗਲੇ ਕੰਮਕਾਜੀ ਦਿਨਾਂ ਲਈ ਬਹੁਤ ਸਾਰੀ ਜਾਣਕਾਰੀ ਦਿੰਦਾ ਹੈ। ਪਰ ਅੱਜਕੱਲ੍ਹ ਜਦੋਂ ਲਘੂ ਸਮੱਗਰੀ ਦੀ ਬਹੁਤਾਤ ਹੈ ਤਾਂ ਉਹ ਇੰਨੀ ਲੰਮੀ ਸਮੱਗਰੀ ਨੂੰ ਕਿਉਂ ਤਰਜੀਹ ਦਿੰਦੇ ਹਨ ਜੋ ਲਗਭਗ 3-4ਘੰਟੇ ਚੱਲਦਾ ਹੈ? ਇਸ 'ਤੇ ਉਹ ਕਹਿੰਦੇ ਹਨ, 'ਜ਼ਿਆਦਾਤਰ ਸੰਸਥਾਪਕ ਜਨਤਾ ਨੂੰ ਸਖ਼ਤ ਮਿਹਨਤ ਕਰਨ ਦੀ ਸਲਾਹ ਦਿੰਦੇ ਹਨ। ਪਰ ਮੈਨੂੰ ਨਿਖਿਲ ਦੇ ਪੋਡਕਾਸਟ ਵਿੱਚ ਵਿਸਤ੍ਰਿਤ ਸਲਾਹ ਮਿਲਦੀ ਹੈ। ਅਸਲ ਵਿੱਚ ਉਹ ਵਿਸਤਾਰ ਵਿੱਚ ਦੱਸੀਆਂ ਚੀਜ਼ਾਂ ਨੂੰ ਪਸੰਦ ਕਰਦੇ ਹਨ। ਨਿਖਿਲ ਹਰ ਐਪੀਸੋਡ ਵਿੱਚ ਆਪਣੇ ਦੋਸਤਾਂ, ਉੱਦਮੀਆਂ ਅਤੇ ਮਾਹਿਰਾਂ ਨੂੰ ਬੁਲਾਉਂਦੇ ਹਨ। ਇਸ ਵਿੱਚ ChatGPT ਤੋਂ ਲੈ ਕੇ ਮਹਿਮਾਨ ਉੱਦਮੀਆਂ ਤੋਂ ਵਿਸ਼ੇਸ਼ ਗੱਲਬਾਤ ਤੱਕ ਸਭ ਕੁਝ ਸ਼ਾਮਲ ਹੈ। ਇਹ ਪੋਡਕਾਸਟ ਤੇਜ਼ੀ ਨਾਲ ਮਸ਼ਹੂਰ ਹੋ ਗਿਆ ਹੈ। 18 ਤੋਂ 34 ਸਾਲ ਦੇ ਲੋਕ ਇਸ ਪੋਡਕਾਸਟ ਨੂੰ ਸੁਣਦੇ ਹਨ। ਅੱਜਕੱਲ੍ਹ, ਭਾਰਤੀ ਉੱਦਮੀਆਂ ਵਿੱਚ ਡਿਜ਼ੀਟਲ ਫਾਰਮੈਟ ਪਾੱਡਕਾਸਟ

ਵੀਡੀਓ ਜਾਂ ਆਡੀਓ ਸ਼ੋਅ ਦੀ ਮੇਜ਼ਬਾਨੀ ਕਰਨ ਦਾ ਰੁਝਾਨ ਵਧ ਰਿਹਾ ਹੈ। ਇਸ ਸੂਚੀ ਵਿੱਚ ਨਿਖਿਲ ਕਾਮਤ ਤੋਂ ਇਲਾਵਾ ਵਾਮਵੇ ਸ਼ੇਵਿੰਗ ਕੰਪਨੀ ਦੇ ਸੰਸਥਾਪਕ ਸ਼ਾਂਤਨੂ ਦੇਸ਼ਪਾਂਡੇ, ਜ਼ੋਮੈਟੋ ਦੇ ਸੰਸਥਾਪਕ ਦੀਪੇਂਦਰ ਗੋਇਲ, ਸੀਆਰਈਡੀ ਦੇ ਸੰਸਥਾਪਕ ਕੁਨਾਲ ਸ਼ਾਹ ਅਤੇ ਮਿੰਤਰਾ ਦੇ ਸੰਸਥਾਪਕ ਮੁਕੇਸ਼ ਬਾਂਸਲ ਆਦਿ ਦੇ ਨਾਂ ਅਹਿਮ ਹਨ। ਜਦੋਂ ਭਾਰਤੀ ਸੰਸਥਾਪਕਾਂ ਨੇ ਸਾਲ 2021 ਵਿੱਚ 'ਸ਼ਾਰਕ ਟੈਂਕ ਇੰਡੀਆ' ਵਰਗੇ ਪ੍ਰੋਗਰਾਮਾਂ ਰਾਹੀਂ ਸਕ੍ਰੀਨ 'ਤੇ ਮਿੰਨੀ ਮਸ਼ਹੂਰ ਹਸਤੀਆਂ ਬਣਨਾ ਸ਼ੁਰੂ ਕੀਤਾ, ਤਾਂ ਉਹ ਪੋਡਕਾਸਟ ਵੱਲ ਵੀ ਵਧੇ ਤਾਂ ਜੋ ਉਹ ਸਿੱਧੇ ਦਰਸ਼ਕਾਂ ਨਾਲ ਜੁੜ ਸਕਣ। ਪਰ ਇਹ ਪੋਡਕਾਸਟ ਕੰਡੇਦਾਰ ਸਵਾਲਾਂ ਤੋਂ ਬਚਦੇ ਹਨ। ਹਾਲਾਂਕਿ, ਉਹ ਨਿੱਜੀ ਬ੍ਰਾਂਡਿੰਗ ਅਤੇ ਇਸ਼ਾਰਿਆਂ ਰਾਹੀਂ ਆਪਣੀ ਕੰਪਨੀ ਅਤੇ ਟਾਕ ਸ਼ੋਅ 'ਤੇ ਬੁਲਾਏ ਗਏ ਮਹਿਮਾਨ ਦੀ ਕੰਪਨੀ ਦੀ ਮਸ਼ਹੂਰੀ ਕਰਨ ਵਿੱਚ ਪਿੱਛੇ ਨਹੀਂ ਰਹਿੰਦੇ। ਇਕ ਮਾਰਕੀਟਿੰਗ ਮਾਹਰ, ਜੋ ਕਿ ਇਕ ਯੂਨੀਕੋਰਨ ਕੰਪਨੀ ਦਾ ਸੰਸਥਾਪਕ ਹੈ, ਆਪਣੇ ਪੋਡਕਾਸਟ ਅਤੇ ਚੈਟ ਸ਼ੋਅ ਆਦਿ ਬਾਰੇ ਕਹਿੰਦਾ ਹੈ, 'ਜੇਕਰ ਇਸ਼ਤਿਹਾਰਬਾਜ਼ੀ ਰਵਾਇਤੀ ਤੌਰ 'ਤੇ ਕੀਤੀ ਜਾਵੇ, ਤਾਂ ਕਰੋੜਾਂ ਰੁਪਏ ਖ਼ਰਚ ਹੋ ਜਾਂਦੇ ਹਨ। ਪਰ ਅਜਿਹਾ ਨਹੀਂ ਹੈ ਸੁਣਨਵਾਲਿਆਂ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਹੈ। ਚੰਦੂ ਕਹਿੰਦੇ ਹਨ, 'ਮੈਂ ਪੋਡਕਾਸਟ ਸੁਣਦੇ ਹੋਏ ਮਨ ਵਿੱਚ ਥੋੜਾ ਸ਼ੱਕ ਜਰੂਰ ਰੱਖਦਾ ਹਾਂ। ਪਰਸਨਲ ਬ੍ਰੈਡਿੰਗ ਦੇ ਲਈ ਲੋਕ ਪੋਡਕਾਸਟ ਵਿੱਚ ਆਪਣਾ ਦੂਸਰਾ ਚਿਹਰਾ ਹੀ ਦਿਖਾਉਂਦੇ ਹਨ। ਮੈਨੂੰ ਇਹ ਗੱਲ ਪਤਾ ਹੈ। ਫਿਰ ਵੀ ਮੈਂ ਆਪਣੀ ਰੋਜ਼ਾਨਾ ਜਿੰਦਗੀ ਵਿੱਚ 6-7ਚੰਗੇ ਟਿਪਸ ਵੀ ਸ਼ਾਮਲ ਕਰ ਲੈਂਦਾ ਹਾਂ

## ਲਾਈਟਾਂ, ਕੈਮਰਾ ਅਤੇ ਸਟਾਰਟਅੱਪ

ਮੁਕੇਸ਼ ਬਾਂਸਲ ਨੇ ਆਪਣੇ ਅਪਾਰਟਮੈਂਟ ਨੂੰ ਇੱਕ ਸਟੂਡੀਓ ਵਿੱਚ ਬਦਲ ਦਿੱਤਾ ਹੈ, ਜਿੱਥੇ ਉਹ ਆਪਣਾ ਪੋਡਕਾਸਟ ਸਪਾਰਕਸ ਰਿਕਾਰਡ ਕਰਦੇ ਹਨ ।ਉਨ੍ਹਾਂ ਦੇ ਮਾਹਿਰ ਵਿੱਚ ਇਤਿਹਾਸਕਾਰ ਮਨੂ ਪਿੱਲਈ ਤੋਂ ਲੈ ਕੇ ਪ੍ਰਮੁੱਖ ਵਪਾਰਕ ਸ਼ਖਸੀਅਤਾਂ ਤੱਕ ਸ਼ਾਮਲ ਹਨ। ਬਾਂਸਲ ਦਾ ਕਹਿਣਾ ਹੈ ਕਿ ਪੋਡਕਾਸਟ ਸੁਣਨ ਲਈ ਕਿਤਾਬ ਪੜ੍ਹਨ ਨਾਲੋਂ ਘੱਟ ਮਿਹਨਤ ਕਰਨੀ ਪੈਂਦੀ ਹੈ। ਕਿਤਾਬਾਂ ਦੀ ਪਹੁੰਚ ਕੁਦਰਤੀ ਤੌਰ 'ਤੇ ਸੀਮਤ ਸੀ ਜਦੋਂ ਕਿ ਪੋਡਕਾਸਟ ਵਿੱਚ ਬਹੁਤ ਦੂਰ ਤੱਕ ਪਹੁੰਚਣ ਦੀ ਸਮਰੱਥਾ ਹੈ। ਲੱਖਾਂ ਵਿਊਜ਼ ਆਉਂਦੇ ਹਨ। ਮਾਰਚ ਦੇ ਦੂਜੇ ਹਫ਼ਤੇ, ਬਾਂਸਲ ਨੇ ਸਪਾਰਐਕਸ ਲਈ 26 ਸਾਲਾ ਅਵੈਸ ਅਹਿਮਦ (ਸਪੇਸ-ਟੈਕ ਸਟਾਰਟਅੱਪ ਪਿਕਸਲ ਦੇ ਸੰਸਥਾਪਕ) ਦਾ ਇੰਟਰਵਿਊ ਲਿਆ। ਉਹ ਕਹਿੰਦਾ ਹੈ ਕਿ ਉਹ 2019 ਵਿੱਚ ਆਪਣਾ ਸਟਾਰਟਅੱਪ ਸ਼ੁਰੂ ਕਰਨ ਦੇ ਬਾਅਦ ਬਹੁਤ ਸਾਰੇ ਪੋਡਕਾਸਟ ਵਿੱਚ ਆ ਚੁੱਕੇ ਹਨ। ਸ਼ਾਂਤਨੂ ਦੇਸ਼ਪਾਂਡੇ ਦੇ ਪੋਡਕਾਸਟ 'ਦਿ ਵਾਰਨਰ ਸ਼ਾਪ' ਦੇ ਯੂਟਿਊਬ 'ਤੇ 4 ਲੱਖ ਤੋਂ ਵੱਧ ਸਬਸਕ੍ਰਾਈਬਰ ਹਨ। ਇਸ ਪੋਡਕਾਸਟ ਨੇ ਉਹਨਾਂ ਨੂੰ ਅਤੇ ਉਹਨਾਂ ਦੀ (ਵੋਮਬੇ ਸ਼ੇਵਿੰਗ ਕੰਪਨੀ) ਨੂੰ ਮਸ਼ਹੂਰ ਕਰ ਦਿੱਤਾ ਹੈ। ਉਹ ਜਦੋਂ ਵੀ ਮੁੰਬਈ ਏਅਰਪੋਰਟ ਦੇ ਵੇਟਿੰਗ ਏਰੀਆ 'ਚ ਪਹੁੰਚਦੇ ਹਨ ਤਾਂ ਨੌਜਵਾਨ ਉਸ ਵੱਲ ਭੱਜਦੇ ਹਨ ਅਤੇ ਸੈਲਫੀ ਖਿੱਚਦੇ ਹਨ। ਉਸਨੂੰ ਇਹ ਪਹਿਚਾਣ ਪੋਡਕਾਸਟ ਕਰਕੇ ਹੀ ਮਿਲੀ ਹੈ। ਸ਼ਾਂਤਨੂ, ਜੋ ਆਪਣੇ ਗੁੜਗਾਓਂ ਦਫਤਰ ਵਿੱਚ ਸੰਸਥਾਪਕ ਵਰੁਣ ਅਲਘ ਅਤੇ ਗ਼ਜ਼ਲ ਅਲਗ ਦਾ ਇੰਟਰਵਿਊ ਕਰਨ ਦੀ ਤਿਆਰੀ ਕਰ ਰਹੇ ਸ਼ਾਤਨੂ, ਕਹਿੰਦੇ ਹਨ, 'ਅਚਾਨਕ ਮੈਂ ਗੱਲਬਾਤ ਦਾ ਵਿਸ਼ਾ ਬਣ ਗਿਆ ਹਾਂ, ਮੇਰਾ ਰੇਜ਼ਰ ਕਦੇ ਅਜਿਹਾ ਨਹੀਂ ਕਰ ਸਕਦਾ ਸੀ।' ਉਸ ਨੇ ਮਹਿਸੂਸ ਕੀਤਾ ਕਿ ਨੌਜਵਾਨ ਇਸ਼ਤਿਹਾਰਾਂ ਤੋਂ ਥੱਕ ਚੁੱਕੇ ਹਨ, ਇਸ ਲਈ ਲਗਾਤਾਰ ਆਪਣੇ ਉਤਪਾਦ ਨੂੰ ਪ੍ਰਮੋਟ ਕਰਨ ਦੀ ਬਜਾਏ ਉਹਨਾਂ ਨੂੰ ਆਪਣੇ ਪੋਡਕਾਸਟ ਦਾ ਅਹਿਮ ਹਿੱਸਾ ਬਣਾ ਲੈਂਦੇ ਹਨ, ਉਹ ਕਹਿੰਦੇ ਹਨ, ਮੈਂ ਆਪਣੇ ਪੋਡਕਾਸਟ ਵਿੱਚ ਆਪਣੇ ਲੋਕਾਂ ਜਾਂ ਉਤਪਾਦ ਨੂੰ ਨਹੀਂ ਦਿਖਾਉਂਦਾ. ਪਰ (ਵੋਮਬੇ ਸ਼ੇਵਿੰਗ ਕੰਪਨੀ) ਬਾਰੇ ਜਿਆਦਾ ਗੱਲ ਹੁੰਦੀ ਹੈ, ਜਿੰਨਾ ਲੋਕ ਸੋਚ ਸਕਦੇ ਹਨ।

## ਨਾਮ ਵੀ , ਕੰਮ ਵੀ ਅਤੇ ਕਮਾਈ ਵੀ

ਮੁਕੇਸ਼ ਬਾਂਸਲ ਦਾ ਕਹਿਣਾ ਹੈ ਕਿ ਲੋਕਾਂ ਦਾ ਧਿਆਨ ਘੱਟ ਗਿਆ ਹੈ, ਮੁੱਖ ਧਾਰਾ ਮੀਡੀਆ ਵਿੱਚ ਚਿੱਟੇ ਵਾਇਟ-ਸਾਇਜ, ਸਨਸਨੀਖੇਜ਼ ਸਮੱਗਰੀ ਦੇਖੀ ਜਾਂਦੀ ਹੈ। ਜਦੋਂ ਕਿ ਪੋਡਕਾਸਟ ਵਿੱਚ ਉਹ ਵਧੇਰੇ ਡੂੰਘਾਈ ਅਤੇ ਸੰਦਰਭ ਵਿੱਚ ਗੱਲ ਕਰਦੇ ਹਨ। ਹਾਲਾਂਕਿ, ਪੋਡਕਾਸਟ ਦਾ ਪੂਰਵਦਰਸ਼ਨ ਮਹਿਮਾਨਾਂ ਦੁਆਰਾ ਕੀਤਾ ਜਾਂਦਾ ਹੈ ਅਤੇ ਉਹਨਾਂ ਦੀ ਰਾਏ ਅਨੁਸਾਰ ਸੰਪਾਦਿਤ ਵੀ ਕੀਤਾ ਜਾਂਦਾ ਹੈ। ਕਈ ਵਾਰ ਉਹ ਉਸ ਐਪੀਸੋਡ ਨੂੰ ਸਪਾਂਸਰ ਕਰਦੇ ਹਨ ਜਿਸ ਵਿੱਚ ਉਹ ਮਹਿਮਾਨ ਹੁੰਦੇ ਹਨ। 'ਦਿ ਵਾਰਨਰ ਸ਼ਾਪ' ਬਾਰੇ ਸ਼ਾਂਤਨੂ ਕਹਿੰਦੇ ਹਨ, 'ਇਹ ਕੋਈ ਸਨਸਨੀਖੇਜ਼ ਪੋਡਕਾਸਟ ਨਹੀਂ ਹੈ। ਅਜਿਹਾ ਨਹੀਂ ਹੈ ਕਿ ਮੈਂ ਕਿਸੇ ਮਹਿਮਾਨ ਨੂੰ ਉਕਸਾਉਣਾ ਜਾਂ ਉਨ੍ਹਾਂ ਨੂੰ ਬੇਚੈਨ ਕਰਨਾ ਚਾਹੁੰਦਾ ਹਾਂ। ਇਹ ਇੱਕ ਬਹੁਤ ਹੀ ਸਕਾਰਾਤਮਕ ਪੋਡਕਾਸਟ ਹੈ. ਕੁਝ ਸੰਸਥਾਪਕਾਂ ਨੇ ਆਪਣੇ ਪਲੇਟਫਾਰਮ ਦਾ ਮੁੰਦਰੀਕਰਨ ਵੀ ਕੀਤਾ ਹੈ। ਹਾਲਾਂਕਿ ਉਹ ਕਹਿੰਦਾ ਹੈ, 'ਮੈਂ ਆਪਣੇ ਸ੍ਰੋਤਿਆਂ ਨੂੰ ਕਦੇ ਨਹੀਂ ਦੱਸਦਾ ਕਿ ਕਿਹੜਾ ਪੇਡ ਕੰਟੇਟ ? ਮੈਂ ਆਪਣੇ ਖਪਤਕਾਰਾਂ ਨੂੰ ਸਭ ਤੋਂ ਵਧੀਆ ਸਮੱਗਰੀ ਦੇ ਰਿਹਾ ਹਾਂ, ਉਹ ਵੀ ਮੁਫ਼ਤ ਵਿੱਚ। ਮੈਂ ਨਫੇ-ਨੁਕਸਾਨ ਨੂੰ ਵੀ ਦੇਖਣਾ ਹੈ, ਇਸ ਲਈ ਮੈਂ ਚਾਹੁੰਦਾ ਹਾਂ ਕਿ 5 ਲੋਕ ਅਜਿਹੇ ਮਿਲ ਜਾਣ ਜੋ ਪੈਸੇ ਦੇ ਸਕਣ ਅਤੇ ਲੋੜ ਪੂਰੀ ਹੋਵੇ। ਗੌਰੀ ਦੇਵੀਦਿਆਲ 'ਦ ਫੂਡ ਮੈਟਰਸ' ਦੀ ਸੰਸਥਾਪਕ ਹੈ। ਮੁੰਬਈ ਵਿੱਚ ਉਸਦਾ ਇੱਕ ਰੈਸਟੋਰੈਂਟ ਹੈ। ਹਾਲ ਹੀ ਵਿੱਚ ਉਸਨੇ ਆਪਣੇ ਪੋਡਕਾਸਟ ਸਪੀਕ ਗ੍ਰੀਸੀ ਦਾ ਦੂਜਾ ਸੀਜ਼ਨ ਸ਼ੁਰੂ ਕੀਤਾ। ਇਸ ਸੀਜ਼ਨ ਵਿੱਚ ਉਹ ਬਾਈਕੂਲਾ ਵਿੱਚ ਐਕਸਪੈਰੀਮੈਂਟਲ ਕਿਚਨ ਦੇ ਸ਼ੈੱਫਾਂ ਦੀ ਇੰਟਰਵਿਊ ਕਰ ਰਹੀ ਹੈ। ਇਹ ਫੂਡ ਆਰਡਰਿੰਗ ਐਪ ਥਰਾਈਵ ਦੁਆਰਾ ਸਪਾਂਸਰ ਕੀਤਾ ਗਿਆ ਹੈ। ਉਹ ਕਹਿੰਦੀ ਹੈ, 'ਜਦੋਂ ਮੈਂ 4 ਸਾਲ ਪਹਿਲਾਂ ਆਪਣਾ ਪਹਿਲਾ ਪੋਡਕਾਸਟ ਲਾਂਚ ਕੀਤਾ ਸੀ, ਤਾਂ ਸਵਾਲ ਸੀ ਕਿ ਪੋਡਕਾਸਟ ਕੀ ਹੁੰਦਾ ਹੈ? ਹੁਣ ਜੇਕਰ ਤੁਸੀਂ ਇਸ ਨੂੰ ਬ੍ਰੈਂਡ ਵਜੋਂ ਸ਼ੁਰੂ ਨਹੀਂ ਕੀਤਾ ਹੈ ਤਾਂ ਤੁਸੀਂ ਕਿਤੇ ਪਿੱਛੇ ਰਹਿ ਗਏ ਹੋ।


ਜਸਵਿੰਦਰ ਸਿੰਘ ਬਿੱਟਾ
+91 98884 36337
+1 (647) 967-6630









# BRAMPTON CASH AND CARRY

WHOLESALER | IMPORTER
DISTRIBUTOR | RETAILER

Wholesaler, Importer,
Distributor & Retailer
of Restaurants Supply








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS
Contact us
905-230-4800 | 416-700-9100
100 KENNEDY ROAD S., BRAMPTON ON L6W 3E7, CANADA

ROYAL SHIELD GROUP

# SUPER VISA INSURANCE

**EMERGENCY MEDICAL INSURANCE FOR**

- STUDENTS
- WORK PERMIT HOLDERS
- VISITORS

## TEHAL SINGH BRAR

**INSURANCE ADVISOR**

**905-782-2013**

**SAHAS BRAR**

**416-660-6151**








## CHILD PLAN

**Do you want to give a Life Time Gift to your Child? Call Now to set up this plan!**

- A MAGICAL POLICY
- 20 Years To Pay!